# ਡਾਕ ਰਾਹੀਂ ਵੋਟ ਪਾਉਣ ਲਈ

## ਇੱਕ ਗਾਈਡ

ਵੋਟਿੰਗ ਨਾਲ ਹੀ ਅਸੀਂ ਆਪਣੀਆਂ ਜ਼ਿੰਦਗੀਆਂ, ਆਪਣੇ ਆਂਢ-ਗੁਆਂਢ ਅਤੇ ਆਪਣੇ ਭਵਿੱਖ 'ਤੇ ਪ੍ਰਭਾਵ ਪਾਉਂਦੇ ਹਾਂ। ਡਾਕ ਰਾਹੀਂ ਵੋਟ ਪਾਉਣਾ ਸਾਡੇ ਭਾਈਚਾਰਿਆਂ ਵਿੱਚ ਇੱਕ ਵੱਡਾ ਅਤੇ ਪ੍ਰਭਾਵਸ਼ਾਲੀ ਬਦਲਾਅ ਲਿਆਉਣਾ ਆਸਾਨ ਬਣਾਉਂਦਾ ਹੈ।

ਹਰ ਸਾਲ ਲੱਖਾਂ ਲੋਕ ਡਾਕ ਰਾਹੀਂ ਵੋਟ ਪਾਉਂਦੇ ਹਨ। 2024 ਵਿੱਚ, ਲਗਭਗ 3 ਵਿੱਚੋਂ 1 ਅਮਰੀਕੀ ਨੇ ਡਾਕ ਰਾਹੀਂ ਵੋਟ ਪਾਈ, ਜਿਸ ਨਾਲ 48 ਮਿਲੀਅਨ ਵੋਟਾਂ ਬਣੀਆਂ।

ਡਾਕ ਰਾਹੀਂ ਵੋਟ ਪਾਉਣਾ ਉਨ੍ਹਾਂ ਵੋਟਰਾਂ ਲਈ ਜ਼ਰੂਰੀ ਹੈ ਜੋ ਅਪਾਹਜ ਹਨ, ਪੇਂਡੂ ਖੇਤਰਾਂ ਵਿੱਚ ਰਹਿੰਦੇ ਹਨ, ਅੰਗਰੇਜ਼ੀ ਨਾਲ ਸੰਘਰਸ਼ ਕਰਦੇ ਹਨ, ਜਾਂ ਵਿਦੇਸ਼ਾਂ ਵਿੱਚ ਫੌਜੀ ਸੇਵਾ ਨਿਭਾਅ ਰਹੇ ਹਨ।

### ਹਰੇਕ ਰਾਜ ਦਾ ਡਾਕ ਰਾਹੀਂ ਪਾਈਆਂ ਜਾਣ ਵਾਲੀਆਂ ਵੋਟਾਂ (ਮੇਲ ਬੈਲਟਾਂ) ਬਾਰੇ ਵੱਖਰਾ ਤਰੀਕਾ-ਕਾਰ ਹੈ:

- ਅੱਠ ਰਾਜ ਸਾਰੇ ਯੋਗ ਵੋਟਰਾਂ ਨੂੰ ਡਾਕ ਰਾਹੀਂ ਵੋਟ ਪਾਉਣ ਦੀ ਆਗਿਆ ਦਿੰਦੇ ਹਨ: ਕੈਲੀਫੋਰਨੀਆ, ਕੋਲੋਰਾਡੋ, ਹਵਾਈ, ਨੇਵਾਡਾ, ਓਰੇਗਨ, ਯੂਟਾ, ਵਰਮੋਂਟ ਅਤੇ ਵਾਸ਼ਿੰਗਟਨ
- ਜ਼ਿਆਦਾਤਰ ਰਾਜਾਂ ਵਿੱਚ 'ਬਿਨਾਂ ਕਿਸੇ ਕਾਰਨ ਦੱਸੇ ਡਾਕ ਰਾਹੀਂ ਵੋਟ ਪਾਉਣ ਦੀ ਪ੍ਰਣਾਲੀ ਅਪਣਾਈ ਜਾਂਦੀ ਹੈ, ਜਿਸਦਾ ਮਤਲਬ ਹੈ ਕਿ ਜੋ ਕੋਈ ਵੀ ਡਾਕ ਰਾਹੀਂ ਵੋਟ ਪਾਉਣਾ ਚਾਹੁੰਦਾ ਹੈ, ਉਹ ਡਾਕੀ ਬੈਲਟ (mail ballot) ਦੀ ਮੰਗ ਕਰ ਸਕਦਾ ਹੈ। ਕੁਝ ਰਾਜਾਂ ਵਿੱਚ ਡਾਕ ਰਾਹੀਂ ਵੋਟ ਪਾਉਣ ਦੇ ਯੋਗ ਹੋਣ ਲਈ ਕਿਸੇ ਜਾਇਜ਼ ਕਾਰਨ ਦੀ ਲੋੜ ਹੁੰਦੀ ਹੈ। ਜੇਕਰ ਤੁਹਾਨੂੰ ਕੋਈ ਅਪਾਹਜਤਾ ਜਾਂ ਸਿਹਤ ਸੰਬੰਧੀ ਸਮੱਸਿਆ ਹੈ, ਜਾਂ ਤੁਹਾਡੀ ਉਮਰ 65 ਸਾਲ ਤੋਂ ਵੱਧ ਹੈ, ਤਾਂ ਸੰਭਾਵਨਾ ਹੈ ਕਿ ਤੁਸੀਂ ਡਾਕ ਰਾਹੀਂ ਵੋਟ ਪਾਉਣ (ਮੇਲ ਬੈਲਟ) ਲਈ ਯੋਗ ਹੋ।
- ਜੇਕਰ ਤੁਸੀਂ ਵਿਦੇਸ਼ ਵਿੱਚ ਤਾਇਨਾਤ ਫੌਜ ਦੇ ਸਰਗਰਮ ਮੈਂਬਰ ਜਾਂ ਯੋਗ ਪਰਿਵਾਰਕ ਮੈਂਬਰ ਹੋ, ਤਾਂ ਤੁਸੀਂ ਭਾਵੇਂ ਕਿਸੇ ਵੀ ਰਾਜ ਵਿੱਚ ਰਹਿੰਦੇ ਹੋਵੋ, ਤੁਸੀਂ ਡਾਕ ਰਾਹੀਂ ਵੋਟ (ਮੇਲ ਬੈਲਟ) ਪਾਉਣ ਦੇ ਹੱਕਦਾਰ ਹੋ।

ਤੁਸੀਂ ਹੇਠਾਂ ਦਿੱਤੇ ਲਿੰਕ 'ਤੇ ਜਾ ਕੇ ਆਪਣੇ ਰਾਜ ਦੇ ਨਿਯਮਾਂ ਬਾਰੇ ਜਾਣ ਸਕਦੇ ਹੋ।

**www.vote.org**



# ਮੈਂ ਡਾਕ ਰਾਹੀਂ ਵੋਟ ਪਾਉਣਾ ਚਾਹੁੰਦਾ ਹਾਂ। ਮੈਨੂੰ ਕੀ ਕਰਨਾ ਚਾਹੀਦਾ ਹੈ?

## ਡਾਕ ਰਾਹੀਂ ਵੋਟ: ਜਲਦੀ ਮੰਗਵਾਓ, ਜਲਦੀ ਵਾਪਸ ਭੇਜੋ

- [ ] ਆਪਣੀ ਵੋਟਰ ਰਜਿਸਟੇਸ਼ਨ ਦੀ ਸਥਿਤੀ ਦੀ ਜਾਂਚ ਕਰੋ। ਯਕੀਨੀ ਬਣਾਓ ਕਿ ਤੁਹਾਡਾ ਪਤਾ ਅੱਪ-ਟੂ-ਡੇਟ (ਤਾਜ਼ਾ) ਹੈ।
- [ ] ਜੇਕਰ ਤੁਸੀਂ ਡਾਕ ਰਾਹੀਂ ਵੋਟ ਪਾਉਣ ਲਈ ਰਜਿਸਟਰਡ ਨਹੀਂ ਹੋ ਅਤੇ ਆਪਣੇ ਰਾਜ ਦੀਆਂ ਯੋਗਤਾਵਾਂ ਨੂੰ ਪੂਰਾ ਕਰਦੇ ਹੋ, ਤਾਂ ਆਪਣੇ ਰਾਜ ਦੀ ਅੰਤਿਮ-ਤਾਰੀਖ ਤੱਕ ਡਾਕ ਰਾਹੀਂ ਵੋਟ ਪਾਉਣ ਲਈ ਅਰਜ਼ੀ ਜਮ੍ਹਾਂ ਕਰਵਾਓ।
- [ ] ਆਪਣਾ ਬੈਲਟ ਭਰੋ ਅਤੇ ਸਾਰੀਆਂ ਹਦਾਇਤਾਂ ਦੀ ਧਿਆਨ ਨਾਲ ਪਾਲਣਾ ਕਰੋ। ਇਹ ਯਕੀਨੀ ਬਣਾਓ ਕਿ ਤੁਹਾਡਾ ਬੈਲਟ ਮੁਕੰਮਲ ਹੋਵੇ ਅਤੇ ਤੁਹਾਡੇ ਵਾਪਸੀ ਵਾਲੇ ਲਿਫ਼ਾਫ਼ੇ 'ਤੇ ਸਹੀ ਮਿਤੀ ਦਰਜ ਹੋਵੇ ਅਤੇ ਦਸਤਖ਼ਤ ਕੀਤੇ ਹੋਣ।
- [ ] ਆਪਣੀ ਵੋਟ ਜਿੰਨੀ ਜਲਦੀ ਹੋ ਸਕੇ, ਵਾਪਸ ਭੇਜੋ! ਜੇਕਰ ਤੁਸੀਂ ਯੂ.ਐੱਸ. ਪੋਸਟਲ ਸਰਵਿਸ (US Postal Service) ਦੀ ਵਰਤੋਂ ਕਰਨ ਦੀ ਚੋਣ ਕਰਦੇ ਹੋ, ਤਾਂ ਅਸੀਂ ਸਿਫ਼ਾਰਸ਼ ਕਰਦੇ ਹਾਂ ਕਿ ਤੁਸੀਂ 27 ਅਕਤੂਬਰ ਤੱਕ ਆਪਣੀ ਬੈਲਟ ਡਾਕ ਰਾਹੀਂ ਭੇਜ ਦਿਓ, ਤਾਂ ਜੋ ਇਸ ਡਾਕ-ਮੋਹਰ ਲੱਗਣ ਅਤੇ ਚੋਣ ਵਾਲੇ ਦਿਨ ਤੱਕ ਪਹੁੰਚਣ ਲਈ ਲੋੜੀਂਦਾ ਸਮਾਂ ਮਿਲ ਸਕੇ। ਉਸ ਤਾਰੀਖ਼ ਤੋਂ ਬਾਅਦ, ਇਸਨੂੰ ਡ੍ਰੌਪ-ਬਾਕਸ ਵਿੱਚ ਜਾਂ ਆਪਣੇ ਕਾਉਂਟੀ ਚੋਣ ਦਫ਼ਤਰ ਵਿੱਚ ਜਮ੍ਹਾਂ ਕਰਵਾ ਦਿਓ।
- [ ] ਆਪਣੀ ਬੈਲਟ ਨੂੰ ਟਰੈਕ ਕਰੋ ਅਤੇ ਯਕੀਨੀ ਬਣਾਓ ਕਿ ਤੁਹਾਡੀ ਵੋਟ ਗਿਣੀ ਜਾਵੇ!

# ਟਰੰਪ ਹਾਰੇ, ਵੋਟਰ ਜਿੱਤੇ

ਅਮਰੀਕਾ ਵਿੱਚ, ਸਾਡਾ ਮੰਨਣਾ ਹੈ ਕਿ ਵੋਟਰਾਂ ਨੂੰ ਆਪਣੇ ਸਿਆਸੀ (ਰਾਜਨੀਤਿਕ) ਆਗੂ ਖੁਦ ਚੁਣਨੇ ਚਾਹੀਦੇ ਹਨ। ਪਰ ਟਰੰਪ ਦੀਆਂ ਨੀਤੀਆਂ ਡਾਕ ਰਾਹੀਂ ਵੋਟਿੰਗ ਵਿੱਚ ਗੈਰ-ਕਾਨੂੰਨੀ ਦਖਲਅੰਦਾਜ਼ੀ ਕਰਕੇ ਲੋਕਾਂ ਨੂੰ ਵੋਟ ਪਾਉਣ ਤੋਂ ਰੋਕਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

### ਕੀ ਹੋ ਰਿਹਾ ਹੈ?

- ਸਾਡਾ ਸੰਵਿਧਾਨ ਕਹਿੰਦਾ ਹੈ ਕਿ ਸਾਡੀਆਂ ਚੋਣਾਂ ਕਰਵਾਉਣ ਦੀ ਤਾਕਤ ਸਿਰਫ਼ ਰਾਜ ਸਰਕਾਰਾਂ ਕੋਲ ਹੈ, ਰਾਸ਼ਟਰਪਤੀ ਕੋਲ ਨਹੀਂ। ਪਰ ਮਾਰਚ ਵਿੱਚ, ਟਰੰਪ ਨੇ ਇੱਕ ਕਾਰਜਕਾਰੀ ਹੁਕਮ ਜਾਰੀ ਕਰਕੇ ਅਮਰੀਕੀ ਡਾਕ ਵਿਭਾਗ (US Post Office) ਨੂੰ ਗੈਰ-ਕਾਨੂੰਨੀ ਢੰਗ ਨਾਲ ਨਿਰਦੇਸ਼ ਦਿੱਤਾ ਕਿ ਉਹ ਕੁਝ ਵੋਟਰਾਂ ਦੀਆਂ ਬੈਲਟਾਂ (ਵੋਟਾਂ) ਨੂੰ ਡਾਕ ਰਾਹੀਂ ਭੇਜਣ ਤੋਂ ਇਨਕਾਰ ਕਰ ਦੇਵੇ।
- ¤ ਇਹ ਕਾਰਜਕਾਰੀ ਹੁਕਮ ਇਸ ਵੇਲੇ ਦੇਸ਼-ਵਿਆਪੀ ਰੋਕ (injunction) ਦੇ ਅਧੀਨ ਹੈ, ਜਿਸਦਾ ਮਤਲਬ ਹੈ ਕਿ ਇਹ ਦੇਸ਼ ਵਿੱਚ ਕਿਤੇ ਵੀ ਲਾਗੂ ਨਹੀਂ ਹੋ ਸਕਦਾ।

### ਕੀ ਮੈਂ ਅਜੇ ਵੀ ਡਾਕ ਰਾਹੀਂ ਵੋਟ ਪਾ ਸਕਦਾ/ਸਕਦੀ ਹਾਂ?

- ਹਾਂ, ਡਾਕ ਰਾਹੀਂ ਵੋਟ ਪਾਉਣਾ ਅਜੇ ਵੀ ਆਪਣੀ ਵੋਟ ਪਾਉਣ ਦਾ ਇੱਕ ਆਸਾਨ ਅਤੇ ਸੁਰੱਖਿਅਤ ਤਰੀਕਾ ਹੈ।

### ਮੈਂ ਡਾਕ ਰਾਹੀਂ ਵੋਟ ਪਾਉਣਾ ਚਾਹੁੰਦਾ।ਚਾਹੁੰਦੀ ਹਾਂ। ਕੀ ਇਸ ਸਾਲ ਮੈਨੂੰ ਕੁਝ ਵੱਖਰਾ ਕਰਨ ਦੀ ਲੋੜ ਹੈ?

- ਜਲਦੀ ਮੰਗ ਕਰੋ ਅਤੇ ਜਲਦੀ ਵਾਪਸ ਕਰੋ!ਇਹ ਯਕੀਨੀ ਬਣਾਓ ਕਿ ਤੁਹਾਡੀ ਬੈਲਟ 'ਤੇ
- ਡਾਕ ਦੀ ਮੋਹਰ ਲੱਗੀ ਹੋਵੇ ਅਤੇ ਉਹ ਸਮੇਂ ਸਿਰ ਪਹੁੰਚ ਜਾਵੇ; ਇਸ ਲਈ ਆਪਣੀ ਬੈਲਟ 27 ਅਕਤੂਬਰ ਤੱਕ (ਜਾਂ ਇਸ ਤੋਂ ਪਹਿਲਾਂ) ਡਾਕ ਰਾਹੀਂ ਭੇਜ ਦਿਓ। ਜੇਕਰ ਤੁਸੀਂ ਉਦੋਂ ਤੱਕ ਆਪਣੀ ਬੈਲਟ ਡਾਕ ਰਾਹੀਂ ਨਹੀਂ ਭੇਜੀ ਹੈ, ਤਾਂ ਵੀ ਤੁਸੀਂ ਇਸਨੂੰ ਕਿਸੇ ਡ੍ਰੌਪ-ਬਾਕਸ (drop box) ਜਾਂ ਆਪਣੀ ਕਾਉਂਟੀ ਦੇ ਚੋਣ ਦਫ਼ਤਰ ਵਿੱਚ ਜਮ੍ਹਾਂ ਕਰਵਾ ਸਕਦੇ ਹੋ; ਜਾਂ ਫਿਰ ਇਸਨੂੰ ਆਪਣੇ ਸਥਾਨਕ ਪੋਲਿੰਗ ਸਥਾਨ 'ਤੇ ਲਿਜਾ ਕੇ ਉੱਥੇ ਜਮ੍ਹਾਂ ਕਰਵਾ ਸਕਦੇ ਹੋ ਜਾਂ ਇਸਦੇ ਬਦਲੇ ਵਿਅਕਤੀਗਤ ਤੌਰ 'ਤੇ ਵੋਟ ਪਾਉਣ ਵਾਲੀ ਬੈਲਟ (in-person ballot) ਲੈ ਸਕਦੇ ਹੋ।
- ਆਪਣੀ ਬੈਲਟ (ਵੋਟ) ਨੂੰ ਟਰੈਕ ਕਰੋ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਇਹ ਤੁਹਾਡੇ ਚੋਣ ਦਫ਼ਤਰ ਨੂੰ ਪ੍ਰਾਪਤ ਹੋ ਗਈ ਹੈ।

ਡਾਕ ਰਾਹੀਂ ਵੋਟ ਪਾਉਣਾ ਵੱਡਾ ਪ੍ਰਭਾਵ ਪਾਉਣ ਦਾ ਇੱਕ ਆਸਾਨ ਤਰੀਕਾ ਹੈ। ਇਹ ਜਾਣਨ ਲਈ 'ਸਿਟੀਜ਼ਨਜ਼ ਇਨ ਐਕਸ਼ਨ' **(Citizens in Action)** ਨਾਲ ਜੁੜੋ ਕਿ ਤੁਸੀਂ ਆਪਣੀ ਆਵਾਜ਼ ਅਤੇ ਵੋਟ ਦੀ ਵਰਤੋਂ ਕਿਵੇਂ ਕਰ ਸਕਦੇ ਹੋ।